# Understanding the Early Years Malton

## *Malton Guiding Collaborative*

Understanding the Early Years (UEY)[ਅੰਡਰਸਟੈਂਡਿੰਗ ਦ ਅਰਲੀ ਯੀਅਰਜ਼ (ਯੂ.ਈ.ਵਾਈ.)] ਇੱਕ ਅਜਿਹੀ ਪਹਿਲਕਦਮੀ ਹੈ ਜਿਸ ਲਈ ਧਨ ਹਿਊਮਨ ਰਿਸੋਰਸਿਜ਼ ਐਂਡ ਸ਼ੋਸ਼ਲ ਡਿਵੈਲਪਮੈਂਟ ਕੈਨੇਡਾ ਵੱਲੋਂ ਲਗਾਇਆ ਗਿਆ ਹੈ। ਇਸ ਪ੍ਰਾਜੈਕਟ ਦਾ ਮਕਸਦ ਮਾਲਟਨ ਵਿੱਚ ਛੋਟੇ ਬੱਚਿਆਂ (0 – 6 ਸਾਲ ਦੀ ਉਮਰ) ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਤੰਦਰੁਸਤ ਨਤੀਜਿਆਂ ਦੀ ਗੁੰਜਾਇਸ਼ ਵਧਾਉਣਾ ਹੈ। ਮਾਲਟਨ ਗਾਈਡਿੰਗ ਕੋਲੈਬੋਰੇਟਿਵ ਇੱਕ ਅਜਿਹਾ ਅਦਾਰ ਹੈ ਜੋ ਇਸ ਪ੍ਰਾਜੈਕਟ ਦੇ ਤਰਜੀਹੀ ਕਾਰਜਾਂ ਅਤੇ ਸਰਗਰਮੀਆਂ ਨੂੰ ਸੇਧ ਅਤੇ ਹਿਦਾਇਤਾਂ ਦਿੰਦਾ ਹੈ।

Understanding the Early Years Malton

## *ਅਰਲੀ ਡਿਵੈਲਪਮੈਂਟ ਇੰਸਟਰੂਮੈਂਟ*

ਫਰਵਰੀ 2007 ਵਿੱਚ ਕਿੰਡਰਗਾਰਟਨ ਅਧਿਆਪਕਾਂ ਨੇ ਕਿੰਡਰਗਾਰਟਨ ਦੇ ਦੂਜੇ ਵਰ੍ਹੇ ਦੇ ਵਿਦਿਆਰਥੀਆਂ ਬਾਰੇ *the Early Developmet Instrument (EDI)*[*ਅਰਲੀ ਡਿਵੈਲਪਮੈਂਟ ਇੰਸਟਰੂਮੈਂਟ* (ਈ.ਡੀ.ਆਈ.)] ਨਾਮ ਦਾ ਇੱਕ ਸਾਧਨ ਵਿਕਸਤ ਕੀਤਾ ਸੀ। ਈ.ਡੀ.ਆਈ. ਪੰਜ ਖੇਤਰੀ ਪੈਮਾਨਿਆਂ (ਨੀਚੇ ਵੇਖੋ) ਵਿੱਚ ਵੰਡੇ ਹੋਏ 104 ਕੇਂਦਰੀ ਸਵਾਲਾਂ ਤੋਂ ਬਣਦਾ ਹੈ। ਨਤੀਜਿਆਂ ਤੋਂ ਉਨਾਂ ਖੇਤਰਾਂ ਦੀ ਪਛਾਣ ਹੁੰਦੀ ਹੈ ਜਿਨਾਂ ਤੋਂ ਸਕੂਲ ਵਾਸਤੇ ਬੱਚਿਆਂ ਦੀ ਤਿਆਰੀ ਦਾ ਪਤਾ ਲੱਗਦਾ ਹੈ।

ਈ.ਡੀ.ਆਈ. ਦੇ ਨਤੀਜਿਆਂ ਦੀ ਵਰਤੋਂ ਮਾਤਾ-ਪਿਤਾ ਇਹ ਪਤਾ ਲਾਉਣ ਲਈ ਕਰ ਸਕਦੇ ਹਨ ਕਿ ਆਪਣੇ ਬੱਚਿਆਂ ਨੂੰ ਕਿੰਡਰਗਾਰਟਨ ਤੋਂ ਪਹਿਲੇ ਗਰੇਡ ਤਕ ਦੀ ਅਹਿਮ ਤਰੱਕੀ ਲਈ ਚੰਗੇਰੀ ਤਰ੍ਹਾਂ ਕਿਵੇਂ ਤਿਆਰ ਕਰਨ। ਕਮਿਊਨਿਟੀਆਂ ਅਤੇ ਸਕੂਲ ਇਨ੍ਹਾਂ ਨਤੀਜਿਆਂ ਦੀ ਵਰਤੋਂ ਬੱਚਿਆਂ ਵੱਲੋਂ ਪੜ੍ਹਾਈ ਕਰਨ ਲਈ ਰਾਜ਼ੀ ਹੋਣ ਦੀ ਹਿਮਾਇਤ ਵਾਸਤੇ ਢੁਕਵੇਂ ਪ੍ਰੋਗਰਾਮ, ਸੇਵਾਵਾਂ ਅਤੇ ਵਸੀਲੇ ਪੇਸ਼ ਕਰਨ ਲਈ ਕਰ ਸਕਦੇ ਹਨ।

## EDI *(ਈ.ਡੀ.ਆਈ.) ਦੇ ਖੇਤਰਾਂ ਦੇ ਨਤੀਜੇ* 2007

| ਮੁਢਲੇ ਵਿਕਾਸ ਦੇ ਖੇਤਰ ਦਾ ਪੈਮਾਨਾ | ਮਾਲਟਨ ਕਮਿਊਨਿਟੀ<br>556 ਵਿਦਿਆਰਥੀ | ਸਿਟੀ ਆਫ਼ ਮਿਸੀਸਾਗਾ<br>6,942 ਵਿਦਿਆਰਥੀ | ਕੈਨੇਡੀਅਨ ਮਿਸਾਲ<br>42,085 ਵਿਦਿਆਰਥੀ |
|---|---|---|---|
| 1. **ਜਿਸਮਾਨੀ ਸਿਹਤ ਅਤੇ ਤੰਦਰੁਸਤੀ**<br>• ਪੱਠਿਆਂ ਦੇ ਵੱਡੇ ਅਤੇ ਛੋਟੇ ਸਮੂਹਾਂ ਦੀ ਤਾਲਮੇਲ ਦੀ ਕਾਬਲੀਅਤ<br>• ਪੈਂਸਲ ਫੜ ਸਕਣਾ<br>• ਖੇਡ-ਮੈਦਾਨ ਵਿੱਚ ਦੌੜ ਸਕਣਾ<br>• ਕਲਾਸਰੂਮ ਦੀਆਂ ਸਰਗਰਮੀਆਂ ਲਈ ਤਾਕਤ ਦਾ ਲੋੜੀਂਦਾ ਪੱਧਰ<br>• ਆਪਣੀਆਂ ਲੋੜਾਂ ਦਾ ਖੁਦ ਖਿਆਲ ਰੱਖ ਸਕਣ ਦੀ ਕਾਬਲੀਅਤ | 8.8 | 8.9 | 8.7 |
| 2. **ਸਮਾਜਿਕ ਕਾਬਲੀਅਤ**<br>• ਕਿਸੇ ਜਨਤਕ ਜਗ੍ਹਾ ਵਿਖੇ ਮਨਜ਼ੂਰ ਕੀਤੇ ਜਾ ਸਕਣ ਵਾਲ਼ੇ ਰਵੱਈਏ ਦਾ ਗਿਆਨ<br>• ਆਪਣੇ ਰਵੱਈਏ ਉੱਤੇ ਕਾਬੂ ਰੱਖ ਸਕਣ ਦੀ ਕਾਬਲੀਅਤ<br>• ਬਾਲਗ਼ਾਂ ਦੇ ਅਖ਼ਤਿਆਰਾਂ ਪ੍ਰਤੀ ਢੁਕਵਾਂ ਆਦਰ<br>• ਦੂਜਿਆਂ ਨਾਲ਼ ਸਹਿਯੋਗ ਅਤੇ ਨਿਯਮਾਂ ਦੀ ਪਾਲਣਾ<br>• ਬਾਕੀ ਬੱਚਿਆਂ ਨਾਲ਼ ਰਲ਼ ਕੇ ਖੇਡਣ ਅਤੇ ਕੰਮ-ਕਾਜ ਕਰ ਸਕਣ ਦੀ ਕਾਬਲੀਅਤ | 8.0 | 8.2 | 8.3 |
| 3. **ਜਜ਼ਬਾਤੀ ਪੁਖ਼ਤਗੀ**<br>• ਕੁੱਝ ਕਰਨ ਤੋਂ ਪਹਿਲਾਂ ਉਸ ਬਾਰੇ ਸੋਚ ਸਕਣ ਦੀ ਕਾਬਲੀਅਤ<br>• ਬੇਹੱਦ ਡਰੂ ਹੋਣ ਅਤੇ ਬਿਨਾ ਝਿਜਕ ਖ਼ਤਰੇ ਨਾਲ ਮੱਥਾ ਲਾ ਲੈਣ ਦਰਮਿਆਨ ਸਾਂਵਾਪਣ<br>• ਉਮਰ ਮੁਤਾਕਬ ਜਜ਼ਬਾਤਾਂ ਉੱਤੇ ਢੁਕਵਾਂ ਕਾਬੂ ਰੱਖ ਸਕਣ ਦੀ ਕਾਬਲੀਅਤ<br>• ਦੂਜਿਆਂ ਦੇ ਜਜ਼ਬਿਆਂ ਪ੍ਰਤੀ ਹਮਦਰਦ | 8.0 | 8.1 | 8.0 |
| 4. **ਬੋਲੀ ਅਤੇ ਬੁੱਧੀ ਦਾ ਵਿਕਾਸ**<br>• ਪੜ੍ਹ ਸਕਣ ਦੀ ਜਾਗ੍ਰਿਤੀ<br>• ਉਮਰ ਮੁਤਾਬਕ ਪੜ੍ਹ, ਲਿਖ ਅਤੇ ਗਿਣਤੀ ਕਰ ਸਕਣ ਦੀ ਕਾਬਲੀਅਤ<br>• ਸਮਾਨਤਾਵਾਂ ਅਤੇ ਫਰਕਾਂ ਨੂੰ ਸਮਝ ਸਕਣ ਦੀ ਕਾਬਲੀਅਤ<br>• ਖਾਸ ਜਾਣਕਾਰੀ ਆਪਣੀ ਯਾਦ-ਦਾਸ਼ਤ ਨਾਲ ਸੁਣਾ ਸਕਣ ਦੀ ਕਾਬਲੀਅਤ | 7.9 | 8.4 | 8.3 |
| 5. **ਗੱਲਬਾਤ ਦੇ ਹੁਨਰ ਅਤੇ ਸਾਧਾਰਣ ਗਿਆਨ**<br>• ਸਮਾਜਿਕ ਤੌਰ 'ਤੇ ਫਬਵੇਂ ਤਰੀਕੇ ਨਾਲ਼ ਲੋੜਾਂ ਅਤ ਇੱਛਾਵਾਂ ਦਾ ਇਜ਼ਹਾਰ ਕਰ ਸਕਣ ਦਾ ਹੁਨਰ<br>• ਬੋਲੀ ਦੀ ਚਿੰਨ੍ਹਾਤਮਕ ਵਰਤੋਂ<br>• ਬਾਤ ਸੁਣਾ ਸਕਣਾ<br>• ਜ਼ਿੰਦਗੀ ਅਤੇ ਦੁਨੀਆਂ ਬਾਰੇ ਉਮਰ ਮੁਤਾਬਕ ਢੁਕਵਾਂ ਗਿਆਨ | 7.1 | 7.4 | 7.5 |

*ਇੱਕ 10-ਨੁਕਾਤੀ ਪੈਮਾਨੇ ਦੀ ਵਰਤੋਂ ਕਰਦਿਆਂ, ਈ.ਡੀ.ਆਈ. ਵਿੱਚ ਉੱਚੇ ਨੰਬਰ ਹਾਸਲ ਕਰਨ ਦਾ ਮਤਲਬ ਹੈ ਵਿਦਿਆਰਥੀ ਸਕੂਲ ਦੀ ਸਿੱਖਿਆ ਲਈ ਵਧੇਰੇ ਤਿਆਰ ਹਨ।*

## *ਇੱਕ ਜਾਂ ਵਧੇਰੇ* EDI *ਖੇਤਰਾਂ ਵਿੱਚ ਸਭ ਤੋਂ ਥੱਲੜੇ 10 ਫੀ ਸਦੀ ਵਿੱਚ ਆਉਣ ਵਾਲ਼ੇ ਵਿਦਿਆਰਥੀਆਂ ਦੀ ਪ੍ਰਤੀਸ਼ਤ*

| | | | |
|---|---|---|---|
| ਜਿਹੜੇ ਬੱਚੇ ਇੱਕ ਜਾਂ ਵਧੇਰੇ ਈ.ਡੀ.ਆਈ. ਖੇਤਰਾਂ ਵਿੱਚ ਸਭ ਤੋਂ ਥੱਲੜੇ 10 ਫੀ ਸਦੀ ਅੰਕ ਹਾਸਲ ਕਰਨ, ਉਨ੍ਹਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਭਵਿੱਖ ਵਿੱਚ ਸਕੂਲੀ ਪੜ੍ਹਾਈ ਵਿੱਚ ਉਨ੍ਹਾਂ ਨੂੰ ਮੁਸ਼ਕਲਾਂ ਪੇਸ਼ ਆਉਣ ਦਾ ਖ਼ਤਰਾ ਹੈ ਅਤੇ ਉਹ ਸਿੱਖਿਆ ਹਾਸਲ ਕਰਨ ਲਈ ਸਭ ਤੋਂ ਘੱਟ ਤਿਆਰ ਹੋਣਗੇ। | 28% | 26% | 27% |

## ਮਾਲਟਨ 2007 ਦੇ ਮੁੱਖ ਨਤੀਜੇ

- EDI ਦੇ ਪੰਜਾਂ ਹੀ ਖੇਤਰਾਂ ਵਿੱਚ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੇ ਨਤੀਜੇ ਨਿੱਗਰ ਤੌਰ ’ਤੇ ਉੱਚੇ ਸਨ (ਸਕੂਲੀ ਵਿਖੇ ਸਿੱਖਿਆ ਲਈ ਵਧੇਰੇ ਤਿਆਰ ਸਨ)।
- EDI ਦੇ ਪੰਜਾਂ ਹੀ ਖੇਤਰਾਂ ਵਿੱਚ ਅੰਗਰੇਜੀ ਮਾਂ-ਬੋਲੀ ਵਾਲ਼ੇ ਬੱਚਿਆਂ ਦੇ ਨਤੀਜੇ ਨਿੱਗਰ ਤੌਰ ’ਤੇ ਉਨ੍ਹਾਂ ਬੱਚਿਆਂ ਨਾਲੋਂ ਉੱਚੇ ਸਨ ਜਿਨ੍ਹਾਂ ਦੀ ਮਾਂ-ਬੋਲੀ ਕੋਈ ਹੋਰ ਸੀ।
- EDI ਦੇ ਪੰਜਾਂ ਹੀ ਖੇਤਰਾਂ ਵਿੱਚ ਪਾਰਟ-ਟਾਈਮ ਪ੍ਰੀ-ਸਕੂਲ ਜਾਂ ਜੂਨੀਅਰ ਕਿੰਡਰਗਾਰਟਨ ਜਾਣ ਵਾਲ਼ੇ ਬੱਚਿਆਂ ਦੇ ਨਤੀਜੇ ਉਨ੍ਹਾਂ ਬੱਚਿਆਂ ਨਾਲੋਂ ਨਿੱਗਰ ਤੌਰ ’ਤੇ ਉੱਚੇ ਸਨ ਜਿਹੜੇ ਪ੍ਰੀ-ਸਕੂਲ ਜਾਂ ਜੂਨੀਅਰ ਕਿੰਡਰਗਾਰਟਨ ਵਿੱਚ ਨਹੀਂ ਗਏ।
- ਮਾਲਟਨ ਵਿੱਚ ਕਿੰਡਰਗਾਰਟਨ ਵਿਚਲੇ ESL ਵਾਲ਼ੇ ਬੱਚਿਆਂ ਦੀ ਪ੍ਰਤੀਸ਼ਤ 2004 ਵਿਚਲੇ 52% ਤੋਂ ਵਧ ਕੇ 2007 ਵਿੱਚ 57% ਹੋ ਗਈ।
- ਸਕੂਲ ਵਿੱਚ ਸਿੱਖਿਆ ਹਾਸਲ ਕਰਨ ਲਈ ਤਿਆਰ ਨਾ ਹੋਣ ਵਾਲ਼ੇ ਬੱਚਿਆਂ ਦੀ ਪ੍ਰਤੀਸ਼ਤ 2004 ਤੋਂ 2007 ਤਕ ਤਕਰੀਬਨ 1% ਘਟੀ ਹੈ।

## ਮਾਲਟਨ ਦੇ ਬੱਚਿਆਂ ਦੇ ਕਾਮਯਾਬ ਹੋਣ ਵਿੱਚ ਹਰ ਕੋਈ ਮਦਦ ਕਰ ਸਕਦਾ ਹੈ!

ਸਾਡੇ ਬੱਚਿਆਂ ਦੇ ਅਤੇ ਸਾਡੀ ਕਮਿਊਨਿਟੀ ਦੀ ਕਾਮਯਾਬੀ ਲਈ ਤੁਹਾਡੀ ਹਿਮਾਇਤ ਜ਼ਰੂਰੀ ਹੈ। ਅਸੀਂ ਮਾਲਟਨ ਦੇ ਸਾਰੇ ਨਿਵਾਸੀਆਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ “ਅੰਡਰਸਟੈਂਡਿੰਗ ਦ ਅਰਲੀ ਯੀਅਰਜ਼” ਪ੍ਰਾਜੈਕਟ ਵਿੱਚ ਹਿੱਸਾ ਲੈਣ।

***ਹੋਰਨਾਂ ਨੂੰ ਦੱਸੋ***– ਆਪਣੇ ਦੋਸਤਾਂ, ਰਿਸ਼ਤੇਦਾਰਾਂ ਅਤੇ ਗਵਾਂਢੀਆਂ ਨੂੰ ਯੂ.ਈ.ਆਈ. ਮਾਲਟਨ ਬਾਰੇ ਦੱਸੋ। ਜਨਤਕ ਸਭਾਵਾਂ ਵਿੱਚ ਉਨ੍ਹਾਂ ਨੂੰ ਆਪਣੇ ਨਾਲ਼ ਆਉਣ ਦਾ ਸੱਦਾ ਦਿਉ। ਸਾਡੇ ਬੱਚਿਆਂ ਅਤੇ ਪਰਿਵਾਰਾਂ ਦੀਆਂ ਲੋੜਾਂ ਬਾਰੇ ਹੋਰਨਾਂ ਲੋਕਾਂ ਨਾਲ਼ ਗੱਲ ਕਰਨਾ ਕਮਿਊਨਿਟੀ ਵਿੱਚ ਜਾਗ੍ਰਿਤੀ ਲਿਆਉਣ ਦੇ ਸਭ ਤੋਂ ਚੰਗੇ ਤਰੀਕਿਆਂ ਵਿੱਚੋਂ ਇੱਕ ਹੈ।

***ਆਪਣੇ ਬੱਚੇ ਦੀ ਮਦਦ ਕਰੋ*** – ਇੱਕ ਮਾਪੇ ਦੇ ਤੌਰ ’ਤੇ ਤੁਸੀਂ ਆਪਣੇ ਬੱਚੇ ਦੇ ਸਭ ਤੋਂ ਪਹਿਲੇ ਅਤੇ ਸਭ ਤੋਂ ਅਹਿਮ ਅਧਿਆਪਕ ਹੋ। ਉੱਚੀ ਪੜ੍ਹ ਕੇ, ਖੇਡਾਂ ਖੇਡ ਕੇ ਅਤੇ ਇਕੱਠਿਆਂ ਵਕਤ ਬਿਤਾ ਕੇ ਆਪਣੇ ਬੱਚੇ ਨੂੰ ਦੱਸੋ ਕਿ ਸਿੱਖਿਆ ਕਿੰਨੀ ਮਜ਼ੇਦਾਰ ਹੋ ਸਕਦੀ ਹੈ। ਅਕਸਰ ਤੁਹਾਡੇ ਵੱਲੋਂ ਨਿੱਤ ਕੀਤੀਆਂ ਜਾਣ ਵਾਲ਼ੀਆਂ ਸਿੱਧੀਆਂ-ਸਾਦੀਆਂ ਸਰਗਰਮੀਆਂ ਦਾ ਭਵਿੱਖ ਵਿੱਚ ਤੁਹਾਡੇ ਬੱਚੇ ਦੀ ਕਾਮਯਾਬੀ ਉੱਤੇ ਸਭ ਤੋਂ ਵੱਡਾ ਅਸਰ ਪੈਂਦਾ ਹੈ।

***ਸਮਾਗਮਾਂ ਵਿੱਚ ਸ਼ਾਮਲ ਹੋਵੋ*** – ਤੁਹਾਡੀ ਰਾਇ ਨਾਲ਼ ਫਰਕ ਪੈਂਦਾ ਹੈ। ਯੂ.ਈ.ਵਾਈ. ਮਾਲਟਨ ਸਾਰਾ ਸਾਲ ਅਲੱਗ-ਅਲੱਗ ਸਮਿਆਂ ’ਤੇ ਕਮਿਊਨਿਟੀ ਸਮਾਗਮ ਅਤੇ ਜਨਤਕ ਸਭਾਵਾਂ ਕਰੇਗੀ। ਇਨ੍ਹਾਂ ਸਭਾਵਾਂ ਵਿੱਚ ਸ਼ਾਮਲ ਹੋ ਕੇ ਤੁਸੀਂ ਬੱਚਿਆਂ ਨਾਲ਼ ਸੰਬੰਧਤ ਮੁੱਦਿਆਂ ਬਾਰੇ ਪ੍ਰਾਜੈਕਟ ਆਗੂਆਂ ਨਾਲ ਗੱਲਬਾਤ ਕਰ ਸਕਦੇ ਹੋ ਅਤੇ ਇਨ੍ਹਾਂ ਲੋੜਾਂ ਨੂੰ ਸੰਬੋਧਨ ਹੋਣ ਬਾਰੇ ਸਾਨੂੰ ਸਭ ਤੋਂ ਚੰਗੇ ਹੱਲ ਕੱਢਣ ਵਿੱਚ ਮਦਦ ਦੇ ਸਕਦੇ ਹੋ।.

***ਸਪੌਂਸਰ ਕਰਨ ਵਾਲ਼ੇ ਬਣੋ*** – ਯੂ.ਈ.ਵਾਈ. ਮਾਲਟਨ ਪ੍ਰਾਜੈਕਟ ਵਾਸਤੇ ਅਸੀਂ ਕਾਰੋਬਾਰੀ ਭਾਈਚਾਰੇ ਦੀ ਹਿਮਾਇਤ ਨੂੰ ਜੀ ਆਇਆਂ ਆਖਦੇ ਹਾਂ। ਜੇ ਤੁਹਾਡਾ ਕੋਈ ਆਪਣਾ ਕਾਰੋਬਾਰ ਹੈ ਜਾਂ ਤੁਸੀਂ ਕਿਸੇ ਅਜਿਹੇ ਕਾਰੋਬਾਰ ਵਿੱਚ ਰੋਜ਼ਗਾਰਸ਼ੁਦਾ ਹੋ ਜਿਸ ਦਾ ਪਰਉਪਕਾਰੀ ਸਰਗਰਮੀਆਂ ਵੱਲ ਰੁਝਾਨ ਹੋਵੇ, ਅਸੀਂ ਤੁਹਾਡੇ ਨਾਲ਼ ਗੱਲਬਾਤ ਕਰਨਾ ਪਸੰਦ ਕਰਾਂਗੇ। ਤੁਹਾਡੇ ਵੱਲੋਂ ਦਾਨ ਕੀਤੇ ਧਨ, ਸੇਵਾਵਾਂ ਅਤੇ/ਜਾਂ ਵਸਤਾਂ ਨਾਲ਼ ਸਾਨੂੰ ਸਥਾਨਕ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਜ਼ਿੰਦਗੀ ਵਿੱਚ ਫਰਕ ਪਾਉਣ ਵਿੱਚ ਮਦਦ ਮਿਲ਼ੇਗੀ।

***ਸ੍ਵੈ-ਸੇਵਾ ਕਰੋ*** – ਸਾਨੂੰ ਆਪਣੀਆਂ ਮੀਟਿੰਗਾਂ ਅਤੇ ਸਮਾਗਮਾਂ ਵਿਖੇ ਸਦਾ ਹੀ ਸ੍ਵੈ-ਸੇਵਕਾਂ ਦੀ ਸੇਵਾ ਹਾਸਲ ਕਰ ਕੇ ਖੁਸ਼ੀ ਹੁੰਦੀ ਹੈ। ਇਹ ਫੈਸਲਾ ਕਰੋ ਕਿ ਸਾਡੀ ਮਦਦ ਲਈ ਤੁਸੀਂ ਕਿੰਨਾ ਕੁ ਸਮਾਂ ਕੱਢ ਸਕਦੇ ਹੋ। ਤੁਹਾਡੇ ਰੁਝੇਵਿਆਂ ਮੁਤਾਬਕ ਤੁਹਾਡੇ ਲਈ ਕੰਮ ਅਸੀਂ ਲੱਭਾਂਗੇ।

## ਮਾਲਟਨ ਗਾਈਡਿੰਗ ਕੋਲੈਬੋਰੇਟਿਵ

*The UEY Malton Guiding Collaborative (ਯੂ.ਈ.ਵਾਈ. ਮਾਲਟਨ ਗਾਈਡਿੰਗ ਕੋਲੈਬੋਰੇਟਿਵ)* ਮਾਲਟਨ ਦੇ ਅਜਿਹੇ ਕਮਿਊਨਿਟੀ ਆਗੂਆਂ ਦਾ ਇੱਕ ਦਲ ਹੈ ਜੋ ਬੱਚਿਆਂ ਦੀਆਂ ਲੋੜਾਂ ਦੀ ਪੂਰਤੀ ਕਰਨ ਅਤੇ ਉਨ੍ਹਾਂ ਦੀ ਕਾਮਯਾਬੀ ਯਕੀਨੀ ਬਣਾਉਣ ਲਈ ਮਿਲ਼ ਕੇ ਯਤਨ ਕਰਦੇ ਹਨ। ਕਮਿਊਨਿਟੀ ਆਗੂ ਅਤੇ ਇਸ ਦੇ ਹਿਮਾਇਤੀ ਜਿਹੜੇ ਇਸ ਦਲ਼ ਦਾ ਹਿੱਸਾ ਹਨ, ਉਹ ਮਾਲਟਨ ਦੀ ਭਿੰਨਤਾ-ਭਰਪੂਰ ਕਮਿਊਨਿਟੀ – ਛੋਟੇ ਬੱਚਿਆਂ ਦੇ ਮਾਤਾ-ਪਿਤਾ, ਸੇਵਾਵਾਂ ਪੇਸ਼ ਕਰਨ ਵਾਲ਼ੇ, ਸਕੂਲ, ਧਾਰਮਿਕ ਸਥਾਨ ਅਤੇ ਕਾਰੋਬਾਰ – ਦੀ ਤਰਜਮਾਨੀ ਕਰਦੇ ਹਨ।

| | | |
|---|---|---|
| City of Mississauga Recreation & Parks<br>(ਸਿਟੀ ਆਫ਼ ਮਿਸੀਸਾਗਾ ਰੈਕ੍ਰਿਏਸ਼ਨ ਐਂਡ ਪਾਰਕਸ) | Dufferin-Peel Catholic District School Board<br>(ਡਫਰਿਨ-ਪੀਲ ਕੈਥਲਿਕ ਡਿਸਟ੍ਰਿਕਟ ਸਕੂਲ ਬੋਰਡ) | Faith Alive Christian Centre<br>(ਫੇਥ ਅਲਾਈਵ ਕ੍ਰਿਸਚੀਅਨ ਸੈਂਟਰ) |
| Malton Black Development Association<br>(ਮਾਲਟਨ ਬਲੈਕ ਡਿਵੈਲਪਮੈਂਟ ਐਸੋਸੀਏਸ਼ਨ) | Malton Church of God of Prophecy<br>(ਮਾਲਟਨ ਚਰਚ ਆਫ਼ ਗਾਡ ਆਫ਼ ਪ੍ਰਾਫੇਸੀ) | Malton Community Building Project<br>(ਮਾਲਟਨ ਕਮਿਊਨਿਟੀ ਬਿਲਡਿੰਗ ਪ੍ਰਾਜੈਕਟ) |
| Malton Festival | Malton Gurdwara<br>(ਮਾਲਟਨ ਗੁਰੂਦੁਆਰਾ) | Malton Neighbourhood Services<br>(ਮਾਲਟਨ ਨੇਬਰਹੁੱਡ ਸਰਵਿਸਿਜ਼) |
| Malton Seventh Day Adventist Church<br>(ਮਾਲਟਨ ਸੈਵੰਥ ਡੇ ਐਡਵੈਂਟਿਸਟ ਚਰਚ) | Mississauga Airport Rotary Club<br>(ਮਿਸੀਸਾਗਾ ਏਅਰਪੋਰਟ ਰੋਟਰੀ ਕਲੱਬ) | Mississauga Library System<br>(ਮਿਸੀਸਾਗਾ ਲਾਇਬ੍ਰੇਰੀ ਸਿਸਟਮ) |
| Mount Zion Apostolic Church<br>(ਮਾਊਂਟ ਜ਼ਾਇਅਨ ਐਪੋਸੋਲਿਕ ਚਰਚ) | New Steps Child Care Centre<br>(ਨਿਊ ਸਟੈੱਪਸ ਚਾਇਲਡ ਕੇਅਰ ਸੈਂਟਰ) | Peel District School Board<br>(ਪੀਲ ਡਿਸਟ੍ਰਿਕਟ ਸਕੂਲ ਬੋਰਡ) |
| Peel Peace Campaign<br>(ਪੀਲ ਪੀਸ ਕੈਂਪੇਨ) | Punjabi Community Health Centre<br>(ਪੰਜਾਬੀ ਕਮਿਊਨਿਟੀ ਹੈਲਥ ਸੈਂਟਰ) | Region of Peel Children’s Services<br>(ਰੀਜਨ ਆਫ਼ ਪੀਲ ਚਿਲਡਰਨਜ਼ ਸਰਵਿਸਿਜ਼) |

*ਜੇ ਤੁਸੀਂ ਇਸ ਪ੍ਰਾਜੈਕਟ ਬਾਰੇ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ ਮਿਹਰਬਾਨੀ ਕਰ ਕੇ* www.maltonkids.ca *ਵੈੱਬਸਾਈਟ ਵੇਖੋ ਜਾਂ ਯੂ.ਈ.ਵਾਈ. ਦੀ ਵੈੱਬਸਾਈਟ* www.hrsdc.gc.ca *ਵੇਖੋ, ਜਾਂ 905-890-1010 ਐਕਸਟੈਂਸ਼ਨ 2851 ’ਤੇ ਫ਼ੋਨ ਕਰੋ।*

EDI EARLY DEVELOPMENT INSTRUMENT

*ਅਰਲੀ ਡਿਵੈਲਪਮੈਂਟ ਇੰਸਟਰੂਮੈਂਟ ਅਤੇ ਸੰਬੰਧਤ ਅਧਿਐਨ ਬਾਰੇ ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰ ਕੇ ਔਫੋਰਡ ਸੈਂਟਰ ਫਾਰ ਚਾਇਲਡ ਸਟੱਡੀਜ਼* (Offord Centre for Child Studies) *ਦੀ ਵੈੱਬਸਾਈਟ* www.offordcentre.com/readiness/index.html *ਵੇਖੋ।*

**Malton Guiding Collaborative** | DUFFERIN-PEEL CATHOLIC DISTRICT SCHOOL BOARD | Human Resources and Social Development Canada | peel District School Board